# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 31 ਅਕਤੂਬਰ 2025 ਦਿਨ ਸ਼ੁੱਕਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਰਾਸ਼ਟਰੀ ਏਕਤਾ ਦਿਵਸ ਦੇ ਮੱਦੇਨਜਰ 'ਰਨ ਫੌਰ ਯੂਨਿਟੀ' ਮੈਰਾਥਨ ਵਿੱਚ ਬੱਚਿਆਂ ਸਮੇਤ ਸੈਂਕੜੇ ਦੀ ਗਿਣਤੀ ਵਿੱਚ ਲੋਕਾਂ ਨੇ ਲਿਆ ਹਿੱਸਾ

### ਅਵਤਾਰ ਸਿੰਘ ਡੀ.ਐਸ.ਪੀ. ਫਰੀਦਕੋਟ ਨੇ ਮੈਰਾਥਨ ਨੂੰ ਦਿੱਤੀ ਹਰੀ ਝੰਡੀ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ


ਕੋਟਕਪੂਰਾ, 31 ਅਕਤੂਬਰ : ਸਰਦਾਰ ਵੱਲਭ ਭਾਈ ਪਟੇਲ ਦੇ 150ਵੇਂ ਜਨਮ ਦਿਵਸ ਨੂੰ ਰਾਸ਼ਟਰੀ ਏਕਤਾ ਦਿਵਸ ਵੱਜੋਂ ਮਨਾਉਦੇ ਹੋਏ ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਦੀ ਅਗਵਾਈ ਹੇਠ ਫਰੀਦਕੋਟ ਪੁਲਿਸ ਵੱਲੋਂ ਸ਼ਹਿਰ ਅੰਦਰ 'ਰਨ ਫੌਰ ਯੂਨਿਟੀ' ਮੈਰਾਥਨ ਦਾ ਆਯੋਜਨ ਕਰਵਾਇਆ ਗਿਆ। ਜਿਸ ਵਿੱਚ ਬੱਚਿਆ ਸਮੇਤ ਸੈਕੜੇ ਦੀ ਗਿਣਤੀ ਵਿੱਚ ਲੋਕਾਂ ਨੇ ਹਿੱਸਾ ਲਿਆ। ਇਸ ਮੈਰਾਥਨ ਦੀ ਸ਼ੁਰੂਆਤ ਅਵਤਾਰ ਸਿੰਘ ਡੀ.ਐਸ.ਪੀ. (ਇੰਨਵੈਸਟੀਗੇਸ਼ਨ) ਫਰੀਦਕੋਟ ਨੇ ਹਰੀ ਝੰਡੀ ਦਿਖਾ ਕੇ ਕੀਤੀ।




ਇਹ ਮੈਰਾਥਨ ਨਹਿਰੂ ਸਟੇਡੀਅਮ ਫਰੀਦਕੋਟ ਤੇ ਸ਼ੁਰੂ ਹੋ ਕੇ ਸੇਠੀ ਚੌਂਕ ਹੁੰਦੇ ਹੋਏ ਕੋਟਕਪੂਰਾ ਰੋਡ ਪਰ ਪੁਲਿਸ ਲਾਈਨ ਦੇ ਸਾਹਮਣੇ ਨਹਿਰ ਪੁੱਲ ਪਰ ਸਮਾਪਤ ਹੋਈ। ਇਸ ਵਿੱਚ ਸਕੂਲੀ ਬੱਚਿਆਂ, ਖਿਡਾਰੀਆਂ, ਸਾਬਕਾ ਸੈਨਿਕਾ, ਐਨ.ਜੀ.ਓ. ਸੰਸਥਾਵਾ ਦੇ ਨੁਮਾਇਦਿਆ ਸਮੇਤ ਪੁਲਿਸ ਕਰਮਚਾਰੀਆ ਨੇ ਭਾਰੀ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਮੈਰਾਥਨ ਵਿੱਚ ਭਾਗ ਲੈਣ ਵਾਲੇ ਭਾਗੀਦਾਰ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਸ ਮੈਰਾਥਾਨ ਵਿੱਚ ਹਿੱਸਾ ਲੈਣਾ ਉਸਦਾ ਸਰਦਾਰ ਪਟੇਲ ਨੂੰ ਸ਼ਰਧਾਂਜਲੀ ਦੇਣ ਦਾ ਤਰੀਕਾ ਹੈ, ਕਿਉਂਕਿ ਉਨ੍ਹਾਂ ਨੇ ਦੇਸ਼ ਦੀ ਏਕਤਾ ਲਈ ਆਪਣਾ ਸਾਰਾ ਜੀਵਨ ਸਮਰਪਿਤ ਕੀਤਾ। ਇਸ ਵਿੱਚ ਭਾਗ ਲੈਣ ਵਾਲੇ ਜਿਲ੍ਹਾ ਵਾਸੀਆਂ ਨੇ ਕਿਹਾ ਕਿ "ਰਨ ਫੋਰ ਯੂਨਿਟੀ"ਸਿਰਫ ਏਕਤਾ ਦਾ ਪ੍ਰਤੀਕ ਹੀ ਨਹੀਂ, ਸਗੋਂ ਇਹ ਸਰੀਰਕ ਤੰਦਰੁਸਤੀ ਲਈ ਪ੍ਰੇਰਣਾ ਦਾ ਸਰੋਤ ਵੀ ਹੈ। ਅਵਤਾਰ ਸਿੰਘ ਡੀ.ਐਸ.ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਨੇ ਇਸ ਮੌਕੇ ਕਿਹਾ ਕਿ ਅੱਜ ਰਾਸ਼ਟਰੀ ਏਕਤਾ ਦਿਵਸ ਦੇ ਮੱਦੇਨਜਰ ਜਿਲ੍ਹਾ ਫਰੀਦਕੋਟ ਦੀ ਪੁਲਿਸ ਵੱਲੋ ਐਨ.ਜੀ.ਓਜ. ਦੇ ਸਹਿਯੋਗ ਨਾਲ ਸਰਦਾਰ ਵੱਲਭ ਭਾਈ ਪਟੇਲ ਦੇ ਜਨਮ ਦਿਵਸ ਨੂੰ ਮੁੱਖ ਰੱਖਦੇ ਹੋਏ ਵਿਸ਼ਾਲ ਮੈਰਾਥਨ ਦਾ ਆਯੋਜਨ ਕੀਤਾ ਗਿਆ ਹੈ। ਉਹਨਾ ਦੱਸਿਆ ਕਿ ਇਸ ਵਿੱਚ ਕਰੀਬ 400 ਬੱਚਿਆ ਨੇ ਵੀ ਭਾਗ ਲਿਆ ਹੈ, ਜੋ ਸ਼ਹਿਰ ਵਿੱਚ ਦੀ ਹੁੰਦੇ ਹੋਏ ਨਹਿਰ ਪੁੱਲ ਤੱਕ ਕਰਵਾਈ ਗਈ। ਉਹਨਾ ਕਿਹਾ ਕਿ ਇਸ ਤਰ੍ਹਾ ਦੇ ਸਮਾਗਮ ਨਾ ਸਿਰਫ ਸਰੀਰਕ ਤੰਦਰੁਸਤੀ ਲਈ ਫਾਇਦੇਮੰਦ ਹਨ, ਸਗੋਂ ਇਹ ਇੱਕ ਮਜ਼ਬੂਤ ਸੁਨੇਹਾ ਵੀ ਹੈ ਕਿ ਨਸ਼ਿਆਂ ਤੋਂ ਦੂਰ ਰਹਿਣਾ ਸਾਡੀ ਸਿਹਤ ਅਤੇ ਭਵਿੱਖ ਲਈ ਬਹੁਤ ਜ਼ਰੂਰੀ ਹੈ। ਇਸ ਸਬੰਧੀ ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦੋਕਟ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਮੈਰਾਥਾਨ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਵਿੱਚ ਏਕਤਾ, ਭਾਈਚਾਰਿਕ ਸਾਂਝ ਅਤੇ ਦੇਸ਼-ਪ੍ਰੇਮ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨਾ ਹੈ, ਤਾਂ ਜੋ ਹਰ ਨਾਗਰਿਕ ਦੇਸ਼ ਦੀ ਤਰੱਕੀ ਅਤੇ ਸਮਾਜਿਕ ਸਾਂਝ ਲਈ ਆਪਣਾ ਯੋਗਦਾਨ ਪਾਏ। ਇਸ ਦੇ ਨਾਲ ਹੀ ਉਹਨਾ ਕਿਹਾ ਕਿ ਇਸ ਤਰ੍ਹਾਂ ਦੇ ਸਮਾਗਮ ਨਾ ਸਿਰਫ਼ ਸਰੀਰਕ ਤੰਦਰੁਸਤੀ ਵੱਲ ਪ੍ਰੇਰਿਤ ਕਰਦੇ ਹਨ, ਸਗੋਂ ਇਹ ਲੋਕਾਂ ਨੂੰ ਸਰਦਾਰ ਵੱਲਭਭਾਈ ਪਟੇਲ ਦੇ ਏਕਤਾ ਦੇ ਸੁਨੇਹੇ ਨਾਲ ਵੀ ਜੋੜਦੇ ਹਨ। ਇਸ ਮੌਕੇ ਜਿਲਾ ਖੇਡ ਅਫਸਰ ਬਲਜਿੰਦਰ ਸਿੰਘ ਸਮੇਤ ਖੇਡ ਵਿਭਾਗ ਦੇ ਅਧਿਕਾਰੀ, ਜਿਲ੍ਹੇ ਦੀਆ ਐਨ.ਜੀ.ਓ. ਦੇ ਨੁਮਾਇਦੇ, ਮੋਹਤਵਾਰ ਵਿਅਕਤੀਆ ਸਮੇਤ ਸਾਂਝ ਸਟਾਫ ਦੇ ਅਧਿਕਾਰੀਆ ਵੀ ਵੱਡੀ ਗਿਣਤੀ ਵਿੱਚ ਮੌਜੂਦ ਸਨ।

## ਬਲੈਕ ਇਨ ਵਾਈਟ ਟੀ.ਵੀ ਤੋ ਪਾਲੀਵੁੱਡ, ਬਾਲੀਵੁੱਡ ਦੀਆਂ ਫੀਚਰ ਫ਼ਿਲਮਾਂ ਆਪਣਾ ਸੁਮਾਰ ਕਰਵਾਇਆ:- ਚਰਚਿਤ ਕਮੇਡੀਅਨ ਘੁੱਲੇਸ਼ਾਹ ਨੇ

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ ਦਰਦੀ ਫ਼ਰੀਦਕੋਟ



ਪੰਜਾਬ ਹੀ ਦੁਨੀਆਂ ਭਰ ਵਿੱਚ ਆਪਣੀ ਵਿਲੱਖਣ ਕਮੇਡੀ ਕਰਕੇ ਪਹਿਚਾਣ ਸਥਾਪਿਤ ਕਰਨ ਵਾਲੇ , ਚਰਚਿਤ ਕਮੇਡੀਅਨ "ਘੁੱਲੇਸ਼ਾਹ ਜੀ" ਕਮੇਡੀ ਨਾਮ ਹੈ। ਓਨਾਂ ਦਾ ਅਸਲ ਨਾਮ "ਸੁਰਿੰਦਰ ਫਰਿਸ਼ਤਾ" ਹੈ। ਓਨਾਂ ਦਾ ਜਨਮ ਪੰਜਾਬ ਓਸ ਪਵਿੱਤਰ ਪਾਵਨ ਅਸਥਾਨ ਤੇ ਹੋਇਆਂ, ਜਿਥੇ ਦੁਨੀਆਂ ਭਰ ਵਿੱਚ ਬਾਲੀਵੁੱਡ, ਪਾਲੀਵੁੱਡ ਵਿੱਚ ਨਾਮਣਾ ਖੱਟਣ ਵਾਲੀਆਂ ਅਨੇਕਾਂ ਦਿਗਜ ਹਸਤੀਆਂ ਦਾ ਜਨਮ ਹੋਇਆਂ, ਪੰਜਾਬ ਦਾ ਦਿਲ ਕਿਹਾ ਜਾਣ ਵਾਲਾ , ਗੁਰੂ ਕੀ ਨਗਰੀ ਕਹੀ ਪਵਿੱਤਰ ਪਾਵਨ ਅਸਥਾਨ , ਜਿਥੇ ਸਿੱਖ ਧਰਮ ਅਕਾਲ ਤਖਤ " ਸ੍ਰੀ ਹਰਮੰਦਰਸਾਹਿਬ ਸਥਾਪਿਤ ਹੈ " ਸ੍ਰੀ ਅੰਮ੍ਰਿਤਸਰ ਸਾਹਿਬ ਜੀ" ਓਸ ਧਰਤੀ ਤੇ ਜਨਮੇ ਹਨ। ਏਨਾਂ ਦੇ ਪਿਤਾ ਜੀ ਦਾ ਨਾਮ ਸਵ.ਸੁਰਜੀਤ ਸਿੰਘ ਤੇ ਮਾਤਾ ਦਾ ਨਾਮ ਕੌਸ਼ਲਿਆ ਦੇਵੀ ਹੈ। ਏਨਾਂ ਦੇ ਮਾਮਾ ਜੀ ਚਰਚਿਤ ਅਦਾਕਾਰ, ਫਾਈਟਰ ਤੇ ਪ੍ਰੋਡਿਊਸਰ "ਚਮਨ ਲਾਲ ਸ਼ੁਗਲ ਸਨ।

ਏਨਾਂ ਦਾ ਪਹਿਲਾ ਨਾਟਕ ਜੋ ਹਿੰਦੀ ਵਿੱਚ " ਦੁਲਹਨ" ਸੀ। ਏਨਾਂ ਨਾਟਕਾਂ ਤੋ ਇਲਾਵਾ ਸੀਰੀਅਲ ਵਿਚ ਕੰਮ ਕੀਤਾ। ਜਿਵੇ ਨਿਰਦੇਸ਼ਕ ਦਲਜੀਤ ਅਰੋੜਾ ਤੇ ਨਿਰਮਾਤਾ ਯਸ ਭਾਸਕਰ ਜੀ ਸਨ " ਘੁੱਲੇਸ਼ਾਹ ਦੇ ਕਾਰਨਾਮੇ" ਦੂਰਦਰਸ਼ਨ ਤੇ ਗੁਰਦਿਆਲ ਸਿੰਘ ਫੁੱਲ ਤੇ ਸਰਦਾਰਜੀਤ ਬਾਵਾ ਜੀ ਲਿਖਿਆਂ ਨਾਟਕ " ਰਸਤਾ ਬੰਦ ਹੈ" ਲੋਕਾਂ ਵਿਚ ਕਾਫੀ ਲੋਕਪ੍ਰਿਯ ਹੋਇਆਂ।




ਇਸ ਤੋ ਇਲਾਵਾ ਘੁੱਲੇਸ਼ਾਹ ਜੀ ਦੀਆਂ ਆਡੀਓ ਕੈਸੇਟ "ਇੱਕੋ ਪੁੜੀ ਦੇਣੀ ਏ", ਮਸਕਰੀਆਂ, ਘੁੱਲੇਸ਼ਾਹ ਦਾ ਠਾਕਾ ਤੇ ਓ ਘੁੱਲੇਸ਼ਾਹ ਆਦਿ ਆਈਆ। ਏਨਾਂ ਦੇ ਸੋਅ ਘੁੱਲੇਸ਼ਾਹ ਦੀ ਬੱਲੇ ਬੱਲੇ ਤੇ ਪ੍ਰਸਿੱਧ ਡਾਇਰੈਕਟਰ, ਪ੍ਰੋਡਿਊਸਰ ਅਦਾਕਾਰ ਤੇ ਕਮੇਡੀਅਨ ਜਸਪਾਲ ਭੱਟੀ ਜੀ ਨਾਲ "ਭੰਡ ਪੰਜਾਬ ਦੇ" ਵਿਚ ਬਾਕਮਾਲ ਕਮੇਡੀ ਕਰ ਵਾਹ ਵਾਹ ਖੱਟੀ।

ਘੁੱਲੇਸ਼ਾਹ ਜੀ ਦੀ ਪਹਿਲੀ ਫੀਚਰ ਫਿਲਮ ਜਖਮੀ, ਉਸ ਤੋ ਬਾਅਦ ਲੰਬਰਦਾਰ, ਬਿੱਲੋ, ਅਣਖ ਦੇ ਵਣਜਾਰੇ, ਪੁੰਨਿਆ ਦੀ ਰਾਤ, ਐਮ.ਐਲ.ਏ ਨੱਥਾ ਸਿੰਘ, ਲਗਦਾ ਇਸਕ ਹੋ ਗਿਆਂ, ਜੁਗਾੜੀ ਡੌਟ ਕਾਮ ਆਦਿ ਫ਼ਿਲਮ ਖੇਤਰ ਵਿਚ ਆਪਣਾ ਜਲਵਾ ਦਿਖਾ ਚੁੱਕੀਆਂ ਹਨ ਤੇ ਇਸ ਤੋ ਇਲਾਵਾ ਏਨਾਂ ਦੀਆਂ ਆਉਣ ਵਾਲੀਆਂ ਫੀਚਰ ਫ਼ਿਲਮਾਂ "ਇਹ ਦਿਲ ਦਾ ਮਾਮਲਾ", ਮੈ ਤੇਰੀ ਤੂੰ ਮੇਰਾ,ਇੰਗਲੈਂਡ ਦੇ ਨਜ਼ਾਰੇ, ਅਮਰੀਕਾ, ਸੱਚ ਬੋਲਦਾ ਬਾਪੂ ਤੇ ਜਿਗਰੇ ਵਾਲਾ ਮੁੰਡਾ ਆਦਿ ਖੂਬਸੂਰਤ ਦਮਦਾਰ ਅਦਾਕਾਰੀ ਦਾ ਪ੍ਰਦਰਸ਼ਨ ਕੀਤਾ ਹੈ। " ਸੱਚ ਬੋਲਦਾ ਬਾਪੂ" ਵਿਚ ਪਾਲੀਵੁੱਡ ਦੇ ਦਿਗਜ ਅਦਾਕਾਰ ਯੋਗਰਾਜ ਸਿੰਘ ਜੀ ਦੇ ਪਿਤਾ ਦਾ ਰੋਲ ਅਦਾ ਕੀਤਾ।ਇਸ ਦੇ ਨਾਲ ਹੀ ਏਨਾਂ ਇੱਕ ਹਿੰਦੀ ਮੂਵੀ "ਪਰੇਸ਼ਾਨਪੁਰ" ਤੇ ਇੱਕ ਭੋਜਪੁਰੀ ਵਿੱਚ ਫਿਲਮ ਜਿਸਦਾ ਦਾ ਨਾਮ " ਤੁਮ ਹਮਾਰ ਹਮ ਤੁਮਾਰ" ਆਪਣੀ ਵਧੀਆਂ ਅਦਾਕਾਰੀ ਦੇ ਜੌਹਰ ਦਿਖਾਏ।

ਹੁਣ ਗੱਲ ਕਰਦੇ ਹਾਂ,ਓਸ ਸਮੇ ਦੀ ਬਲੈਕ ਇਨ ਵਾਈਟ ਟੀ.ਵੀ ਜਿੰਨਾ ਦੇ ਸਟਰ ਲੱਗੇ ਹੁੰਦੇ ਸਨ। ਕੋਠੇ ਤੇ ਲੋਹੇ ਦੇ ਪਾਈਪ ਤੇ ਐਲਮੂਨੀਅਮ ਦਾ ਅਨਟੀਨਾ ਹੁੰਦਾ ਸੀ। ਪਹਿਲਾ ਜਲੰਧਰ ਦੂਰਦਰਸ਼ਨ ਤੇ ਦਿੱਲੀ ਦੂਰਦਰਸ਼ਨ ਤੇ ਕਦੇ ਕਦੇ ਪਾਕਿਸਤਾਨ ਦਾ ਸਟੇਸ਼ਨ ਫੜ ਲੈਂਦਾ ਸੀ। ਉਸ ਵਿੱਚ ਨਿਲਾਮ ਘਰ ਚੱਲਦਾ ਦੇਖਦੇ ਸੀ। ਪੰਜਾਬੀ ਖਬਰਾਂ "ਰਮਨ ਜੀ" ਦੀਆਂ ਵਧੀਆਂ ਲੱਗਦੀਆਂ।

ਅਸੀ ਘੁੱਲੇਸ਼ਾਹ ਜੀ ਦੀ ਕਮੇਡੀ "ਮੇਰਾ ਪਿੰਡ ਮੇਰੇ ਖੇਤ" ਪ੍ਰੋਗਰਾਮ ਰਾਹੀ ਤਕਰੀਬਨ ਚਾਰ ਪੰਜ ਸਾਲ ਲਗਾਤਾਰ ਕਿਸਾਨ ਵੀਰਾਂ ਨਾਲ ਜੁੜੇ ਲਿਸ਼ਕਾਰਾ, ਝਿਰਮਲ ਤਾਰੇ ,ਜਸਨ ਦੀ ਰਾਤ,ਸੀਨੀਅਰ ਸਿਟੀਜਨ ਡੇਅ ਤੇ ਵਿਸਾਖੀ ਤੇ ਨਵੇ ਸਾਲ ਵਿੱਚ ਪ੍ਰੋਗਰਾਮ ਵਿੱਚ। ਉਸ ਸਮੇ ਸਾਡੇ ਲੀਜੈਂਡ ਚਰਚਿਤ ਕਮੇਡੀਅਨ ਮਰਹੂਮ ਜਸਵਿੰਦਰ ਭੱਲਾ ਤੇ ਬਾਲ ਮੁਕੰਦ ਸ਼ਰਮਾਂ, ਗੁਰਪ੍ਰੀਤ ਘੁੱਗੀ , ਚਾਚਾ ਰੌਣਕੀ ਰਾਮ ਤੇ ਜਤਿੰਦਰ ਜੱਬਲ ਆਦਿ ਕਮੇਡੀਅਨ ਲੋਕਾਂ ਦੇ ਹਸਾ ਹਸਾ ਢਿੱਡੀ ਪੀੜਾ ਪਾਉਂਦੇ ਸਨ।

ਜੇਕਰ ਘੁੱਲੇਸ਼ਾਹ ਜੀ ਦੀਆਂ ਸਟੇਜਾਂ ਦੀ ਗੱਲ ਕਰੀਏ ਤਾਂ ਘੁੱਲੇਸ਼ਾਹ ਜੀ ਨੇ ਦੂਜੇ ਰਾਜਾਂ ਵਿਚ ਤਾਂ ਆਪਣੀ ਕਮੇਡੀ ਦੇ ਰੰਗ ਬਿਖੇਰੇ ਨਾਲ ਹੀ ਵਿਦੇਸ਼ਾਂ ਵਿਚ ਲੋਕਾਂ ਦਾ ਦਿਲ ਜਿੱਤਿਆਂ। ਪਰਮਾਤਮਾ ਸਾਡੇ ਸਭ ਦੇ ਅਜੀਜ ਕਮੇਡੀਅਨ ਘੁੱਲੇਸ਼ਾਹ ( ਸੁਰਿੰਦਰ ਫਰਿਸ਼ਤਾ) ਜੀ ਦੀ ਉਮਰ ਦਰਾਜ ਕਰੇ ਤੇ ਅਸੀ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹਾਂ ਦੁਆਵਾਂ। ਆਮੀਨ

## ਡਾ. ਸਰਬਜੀਤ ਕੌਰ ਬਰਾੜ ਦੇ ਪਹਿਲੇ ਗ਼ਜ਼ਲ ਸੰਗ੍ਰਹਿ, "ਤੂ ਆਵੀ" ਦਾ ਮੋਗਾ ਵਿੱਚ ਸ਼ਾਨਦਾਰ ਲਾਂਚ: ਸਾਹਿਤਕ ਜਗਤ ਲਈ ਉਮੀਦ ਦੀ ਇੱਕ ਨਵੀਂ ਕਿਰਨ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਫਰੀਦਕੋਟ 31 ਅਕਤੂਬਰ : ਸ੍ਰਜਨ ਏਵਮ ਸੰਵਾਦ ਸਾਹਿਤ ਸਭਾ, ਮੋਗਾ ਵੱਲੋਂ ਸਰਬ ਕਲਾ ਭਰਪੂਰ ਸਮਾਜ ਸੇਵਾ ਸੋਸਾਇਟੀ, ਪੰਜਾਬ ਦੇ ਸਹਿਯੋਗ ਨਾਲ ਡਾ. ਸਰਬਜੀਤ ਕੌਰ ਬਰਾੜ ਦੇ ਪਹਿਲੇ ਗ਼ਜ਼ਲ ਸੰਗ੍ਰਹਿ, "ਤੂ ਆਵੀ" ਦਾ ਲਾਂਚ ਇੱਕ ਯਾਦਗਾਰੀ ਅਤੇ ਸਫਲ ਸਮਾਗਮ ਸੀ। ਸੰਤੋਸ਼ ਸੇਠੀ ਹਾਲ, ਸ਼ਹੀਦ ਪਾਰਕ, ਮੋਗਾ ਵਿਖੇ ਆਯੋਜਿਤ ਇਹ ਸਮਾਗਮ ਦੇਰ ਸ਼ਾਮ ਤੱਕ ਸੁਚੱਜੇ ਢੰਗ ਨਾਲ ਅਤੇ ਅਨੁਸ਼ਾਸਿਤ ਢੰਗ ਨਾਲ ਜਾਰੀ ਰਿਹਾ।

ਜਸਟਿਸ ਮਹਿਤਾਬ ਸਿੰਘ ਗਿੱਲ ਨੇ ਉਦਘਾਟਨ ਕੀਤਾ:

ਜਸਟਿਸ ਮਹਿਤਾਬ ਸਿੰਘ ਗਿੱਲ, ਕਾਰਜਕਾਰੀ ਚੀਫ਼ ਜਸਟਿਸ (ਸੇਵਾਮੁਕਤ) ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਮੁੱਖ ਮਹਿਮਾਨ ਵਜੋਂ ਇਸ ਪੁਸਤਕ ਦਾ ਉਦਘਾਟਨ ਕੀਤਾ। ਆਪਣੇ ਸੰਖੇਪ ਭਾਸ਼ਣ ਵਿੱਚ, ਉਨ੍ਹਾਂ ਕਿਹਾ ਕਿ ਦਿਲ ਵਿੱਚੋਂ ਨਿਕਲੇ ਇੱਕ ਕਵੀ ਦੇ ਵਿਚਾਰ ਸ਼ਬਦਾਂ ਵਿੱਚ ਬਦਲ ਜਾਂਦੇ ਹਨ ਜੋ ਸਮਾਜ ਨੂੰ ਸਹੀ ਰਸਤੇ 'ਤੇ ਲੈ ਜਾਂਦੇ ਹਨ। ਉਨ੍ਹਾਂ ਨੇ ਕਵੀਆਂ ਨੂੰ "ਡੂੰਘੇ ਚਿੰਤਕ" ਦੱਸਿਆ ਅਤੇ ਡਾ. ਸਰਬਜੀਤ ਦੇ ਪੜਦਾਦਾ, ਸ. ਦਲੀਪ ਸਿੰਘ ਨੂੰ ਇੱਕ "ਨੇਕ ਅਤੇ ਬੁੱਧੀਮਾਨ" ਵਿਅਕਤੀ ਵਜੋਂ ਯਾਦ ਕੀਤਾ।

ਕਿਤਾਬ ਦੀ ਪ੍ਰਸ਼ੰਸਾ:

ਮੁੱਖ ਬੁਲਾਰੇ ਪ੍ਰੋ. ਨਿੰਦਰ ਘੁਗਿਆਣਵੀ ਨੇ ਲੇਖਕ ਨੂੰ ਹਿੰਮਤ, ਬਹਾਦਰੀ, ਇਮਾਨਦਾਰੀ ਅਤੇ ਸਮਰਪਣ ਨਾਲ ਲਿਖਣਾ ਜਾਰੀ ਰੱਖਣ ਦਾ ਆਸ਼ੀਰਵਾਦ ਦਿੱਤਾ।

ਕਥਾਵਾਚਕ ਜਸਵੀਰ ਰਾਣਾ ਨੇ "ਤੂ ਆਵੀਂ" ਨੂੰ ਸਿਰਫ਼ ਇੱਕ ਕਿਤਾਬ ਨਹੀਂ, ਸਗੋਂ ਇੱਕ "ਪੂਰੀ ਥੈਰੇਪੀ" ਦੱਸਿਆ, ਇਹ ਕਹਿੰਦੇ ਹੋਏ ਕਿ ਇਹ ਪਾਠਕਾਂ ਦੀ ਮਾਨਸਿਕ ਤਾਕਤ ਨੂੰ ਮਜ਼ਬੂਤ ਕਰੇਗੀ ਅਤੇ ਬਿਮਾਰੀਆਂ ਨੂੰ ਠੀਕ ਕਰੇਗੀ।

ਸਾਹਿਤਕ ਹਸਤੀ ਕੇ.ਐਲ. ਗਰਗ ਨੇ ਮੋਗਾ ਸ਼ਹਿਰ ਵਿੱਚ ਇੱਕ ਉੱਭਰ ਰਹੇ ਕਵੀ ਹੋਣ 'ਤੇ ਮਾਣ ਪ੍ਰਗਟ ਕੀਤਾ।

ਡਾ. ਸੁਰਜੀਤ ਬਰਾੜ ਨੇ ਕਿਹਾ ਕਿ ਇਹ ਕਿਤਾਬ ਪਾਠਕਾਂ ਵਿੱਚ ਗਿਆਨ ਜਗਾਏਗੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਅਸਲ ਫਰਜ਼ ਤੋਂ ਜਾਣੂ ਕਰਵਾਏਗੀ।

ਸਾਹਿਤਕ ਹਸਤੀ ਗੁਰਮੇਲ ਮੇਲ ਸਿੰਘ ਬੌਂਦੇ ਨੇ "ਤੂ ਆਵੀਂ" ਦੀ ਤੁਲਨਾ ਪ੍ਰਸਿੱਧ ਲੇਖਕ ਸੋਹਣ ਸਿੰਘ ਸੀਤਲ ਅਤੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੀਆਂ ਰਚਨਾਵਾਂ ਨਾਲ ਕੀਤੀ, ਸਮਾਜ ਨੂੰ ਜੀਵਨ ਦੀ ਕੀਮਤ ਸਿਖਾਉਣ ਦੀ ਇਸਦੀ ਯੋਗਤਾ ਨੂੰ ਨੋਟ ਕੀਤਾ।

ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨੇ ਕਿਤਾਬ ਦੀਆਂ ਰਚਨਾਵਾਂ ਦੀ ਪ੍ਰਸ਼ੰਸਾ ਕੀਤੀ, ਇਸਨੂੰ ਸਾਰਿਆਂ ਲਈ ਪੜ੍ਹਨਾ ਲਾਜ਼ਮੀ ਦੱਸਿਆ ਅਤੇ ਉਨ੍ਹਾਂ ਨੂੰ ਕਵੀ ਦੀ "ਚੇਤੰਨ ਬੁੱਧੀ" ਤੋਂ ਸੇਧ ਲੈਣ ਦੀ ਸਲਾਹ ਦਿੱਤੀ।

ਕਲਾ ਅਤੇ ਸੱਭਿਆਚਾਰ ਦਾ ਇਕੱਠ:

ਗੀਤਕਾਰ ਅਤੇ ਲੋਕ ਗਾਇਕ ਬਲਧੀਰ ਮਾਹਲਾ ਨੇ ਸਰੋਤਿਆਂ ਦੀ ਪੁਰਜ਼ੋਰ ਮੰਗ ਤੇ ਆਪਣੀ ਸਹਿ ਗਾਇਕਾ ਸੋਫੀਆ ਗਿੱਲ ਨਾਲ ਆਪਣਾ ਨਵਾਂ ਦੋਗਾਣਾ ਵਿਆਹ ਦੀਆਂ ਰਸਮਾਂ ਚੋਂ ਇੱਕ ਰਸਮ ਸੋਹਣਿਆ ਵੇ ਤੇਰੇ ਸ਼ਗਨ ਮਨਾਵਾਂ ਪੇਸ਼ ਕੀਤਾ ਅਤੇ ਡਾ ਸਰਬਜੀਤ ਕੌਰ ਨੂੰ ਉਹਨਾਂ ਦੀ ਪਲੇਠੀ ਪੁਸਤਕ ਲਈ ਵਧਾਈਆਂ ਦਿੱਤੀਆਂ। ਕੈਪਟਨ ਜਸਵੰਤ ਸਿੰਘ ਪੰਡੋਰੀ, ਇੱਕ ਅਧਿਆਪਕ, ਅਤੇ ਗੁਰਕਮਲ ਸਿੰਘ ਨੇ "ਤੂ ਆਵੇ" ਦੀ ਆਪਣੀ ਸੁਰੀਲੀ ਪੇਸ਼ਕਾਰੀ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕੀਤਾ। ਨਿਡਰ ਲੇਖਕ ਸਤਕਾਰ ਸਿੰਘ ਨੇ ਆਪਣੀਆਂ ਕਵਿਤਾਵਾਂ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕੀਤਾ।

ਡਾ. ਸਰਬਜੀਤ ਕੌਰ ਬਰਾੜ ਨੇ ਵੀ ਆਪਣੀਆਂ ਤਰੰਨੁਮ ਕਵਿਤਾਵਾਂ, "ਅਟਨ ਪਰ ਹੱਥ" ਅਤੇ "ਪਾਥ" ਨਾਲ ਦਰਸ਼ਕਾਂ ਨੂੰ ਮੋਹਿਤ ਕੀਤਾ।

ਵਿਸ਼ੇਸ਼ ਪੇਸ਼ਕਾਰੀਆਂ:

ਕਾਂਗਰਸ ਹਲਕਾ ਇੰਚਾਰਜ ਮਾਲਵਿਕਾ ਸੂਦ ਸੱਚਰ ਨੇ ਇਸ ਸਮਾਗਮ ਦਾ ਹਿੱਸਾ ਹੋਣ 'ਤੇ ਮਾਣ ਪ੍ਰਗਟ ਕੀਤਾ। 1965 ਦੀ ਭਾਰਤ-ਪਾਕਿਸਤਾਨੀ ਜੰਗ ਦੇ ਨਾਇਕ ਦਰਸ਼ਨ ਸਿੰਘ ਨੇ ਵੀ ਡਾ. ਸਰਬਜੀਤ ਨੂੰ ਵਧਾਈ ਦਿੱਤੀ। ਇੰਸਪੈਕਟਰ ਕੁਲਵਿੰਦਰ ਕੌਰ ਅਤੇ ਉਨ੍ਹਾਂ ਦਾ ਸਟਾਫ ਮੌਜੂਦ ਸੀ। ਅਧਿਆਪਕਾ ਪਰਮਿੰਦਰ ਕੌਰ ਅਤੇ ਗੁਰਬਿੰਦਰ ਕੌਰ ਗਿੱਲ ਨੇ ਸਟੇਜ ਪ੍ਰਬੰਧਨ ਦੀ ਜ਼ਿੰਮੇਵਾਰੀ ਸੰਭਾਲੀ।

ਕਵੀ ਦਰਬਾਰ:

ਇਸ ਸਮਾਗਮ ਵਿੱਚ ਇੱਕ ਸ਼ਾਨਦਾਰ ਕਵੀ ਦਰਬਾਰ ਵੀ ਕਰਵਾਇਆ ਗਿਆ, ਜਿਸ ਵਿੱਚ ਇਨਕਲਾਬੀ ਕਵੀ ਪਰਸ਼ੋਤਮ ਪੱਤੋ, ਜਸਵੀਰ ਸਿੰਘ ਕਲਸੀ, ਜਸਵੰਤ ਸਮਾਲਸਰ, ਸੋਨੀ ਮੋਗਾ, ਲਾਲੀ ਕਰਤਾਰਪੁਰੀ, ਹਰਪ੍ਰੀਤ ਸ਼ਾਇਰ, ਜਸਵੰਤ ਸਿੰਘ ਰਾਊਕੇ, ਗਿੱਲ ਬਾਗੀ, ਜਸਵੀਰ ਦੱਦਾਹੂਰ ਅਤੇ ਨਵਦੀਪ ਸ਼ਰਮਾ ਨੇ ਸ਼ਿਰਕਤ ਕੀਤੀ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਤਨਾਮ ਸਿੰਘ ਲੰਗੇਆਣਾ ਨੇ ਲਾਂਚ ਨੂੰ ਯਾਦਗਾਰੀ ਦੱਸਿਆ ਅਤੇ ਕਿਹਾ ਕਿ ਪਾਠਕ ਕਿਤਾਬ ਦਾ ਬਹੁਤ ਆਨੰਦ ਮਾਣ ਰਹੇ ਹਨ ਅਤੇ ਡਾ. ਸਰਬਜੀਤ ਜਲਦੀ ਹੀ ਆਪਣੀ ਨਵੀਂ ਕਿਤਾਬ ਪੇਸ਼ ਕਰਨਗੇ।

ਅੰਤ ਵਿੱਚ, ਡਾ. ਸਰਬਜੀਤ ਕੌਰ ਬਰਾੜ ਨੇ ਸਾਰੇ ਸਤਿਕਾਰਯੋਗ ਪਾਠਕਾਂ, ਸਰੋਤਿਆਂ, ਬੁਲਾਰਿਆਂ, ਰਿਸ਼ਤੇਦਾਰਾਂ, ਮਹਿਮਾਨਾਂ ਅਤੇ ਪੱਤਰਕਾਰਾਂ ਦਾ ਉਨ੍ਹਾਂ ਦੇ ਪਿਆਰ ਅਤੇ ਸਤਿਕਾਰ ਲਈ ਤਹਿ ਦਿਲੋਂ ਧੰਨਵਾਦ ਕੀਤਾ।

## ਸਬ ਇੰਸਪੈਕਟਰ ਇਕਬਾਲ ਸਿੰਘ ਹੱਸਣਭੱਟੀ ਦੀ ਬੇਟੀ ਪਵਨਪ੍ਰੀਤ ਕੌਰ ਦੀ ਨੈਸ਼ਨਲ ਖੇਡਾਂ ਲਈ ਚੋਣ

ਵਰਲਡ ਪੰਜਾਬੀ ਟਾਈਮਜ਼




ਫਰੀਦਕੋਟ , 31 ਅਕਤੂਬਰ : ਫਰੀਦਕੋਟ ਜਿਲ੍ਹੇ ਦੇ ਪਿੰਡ ਹੱਸਣਭੱਟੀ ਦੇ ਵਸਨੀਕ ਪੰਜਾਬ ਪੁਲਿਸ ਵਿੱਚ ਬਤੌਰ ਪੁਲਿਸ ਅਫਸਰ ਸਬ ਇੰਸਪੈਕਟਰ ਇਕਬਾਲ ਸਿੰਘ ਚੌਕੀ ਇੰਚਾਰਜ ਨੱਥੂਵਾਲਾ ਗਰਬੀ ਦੀ ਬੇਟੀ ਪਵਨਪ੍ਰੀਤ ਕੌਰ, ਜ਼ੋ ਮਾਊਟ ਲਿਟਰਾ ਜੀ ਸਕੂਲ ਫਰੀਦਕੋਟ ਦੀ ਹੋਣਹਾਰ ਵਿਦਿਆਰਥਣ ਹੈ। ਜਿਸ ਨੇ ਆਪਣੀ ਸਖਤ ਮਿਹਨਤ ਸਦਕਾ ਪਵਨਪ੍ਰੀਤ ਕੌਰ ਨੇ 69 ਵੀ ਐਥਲੈਟਿਕ ਸਕੂਲ ਗੇਮਜ਼ ਚੈਪੀਅਨਸ਼ਿਪ 2025-2026, ਲੁਧਿਆਣਾ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜਿਸ ਨੇ ਉੱਚੀ ਛਾਲ ਮੁਕਾਬਲੇ ਵਿੱਚ ਚਾਦੀ ਦਾ ਤਗਮਾ ਜਿੱਤਿਆ, 1.36 ਮੀਟਰ ਦੀ ਉਚਾਈ ਪਾਰ ਕਰਕੇ ਸਕੂਲ ਅਤੇ ਪੂਰੇ ਜਿਲ੍ਹਾ ਫਰੀਦਕੋਟ ਖੇਤਰ ਦਾ ਮਾਣ ਵਧਾਇਆ। ਪਵਨਪ੍ਰੀਤ ਕੌਰ ਦੇ ਸ਼ਾਨਦਾਰ ਪ੍ਰਦਰਸ਼ਨ ਨੂੰ ਦੇਖ ਕੇ ਪੂਰਾ ਗੁਰੂ ਨਾਨਕ ਖੇਡ ਸਟੇਡੀਅਮ ਲੁਧਿਆਣਾ ਗੂੰਜ ਉਠਿਆ ਪਵਨਪ੍ਰੀਤ ਕੌਰ ਦੇ ਸਾਨਦਾਰ ਪ੍ਰਦਰਸਨ ਦੇ ਅਧਾਰ 'ਤੇ ਉਸ ਨੂੰ ਰਾਸਟਰੀ ਪੱਧਰ ਦੇ ਮੁਕਾਬਲੇ ਲਈ ਚੁਣਿਆ ਗਿਆ। ਇਹ ਪਾ੍ਰਪਤੀ ਨਾ ਸਗੋ ਉਸਦੇ ਲਈ ਸਗੋ ਪੂਰੇ ਸਕੂਲ ਅਤੇ ਜਿਲ੍ਹਾ ਫਰੀਦਕੋਟ ਲਈ ਮਾਣ ਵਾਲੀ ਗੱਲ ਹੈ। ਪਵਨਪ੍ਰੀਤ ਕੌਰ ਦੇ ਪਿਤਾ ਜੀ ਪੰਜਾਬ ਪੁਲਿਸ ਵਿੱਚ ਬਤੌਰ ਅਫਸਰ ਹਨ, ਜਿੰਨਾਂ ਲਈ ਵੀ ਬਹੁਤ ਮਾਣ ਵਾਲੀ ਗੱਲ ਹੈ। ਪਵਨਪ੍ਰੀਤ ਕੌਰ ਦੇ ਵੱਡੀ ਭੈਣ ਅੰਸ਼ਪ੍ਰੀਤ ਕੌਰ ਨੇ ਵੀ ਇਸ ਸਕੂਲੀ ਖੇਡਾ ਵਿੱਚ ਭਾਗ ਲਿਆ ਸੀ। ਇਹ ਦੋਨੋ ਭੈਣਾ ਨੂੰ ਕੋਚ ਮਨਦੀਪ ਕੁਮਾਰ ਬਤੌਰ ਡੀ.ਪੀ.ਈ. ਮਾਊਟ ਲਿਟਰਾ ਜੀ ਸਕੂਲ ਵਿੱਚ ਜ਼ੋ ਇੰਨਾਂ ਲੜਕੀਆ ਨੂੰ ਤਿਆਰੀ ਕਰਵਾਉਂਦੇ ਹਨ। ਸਕੂਲ ਦੇ ਚੈਅਰਮੈਨ ਇੰਜੀ. ਚਮਨ ਲਾਲ ਗੁਲਾਟੀ ਨੇ ਪਵਨਪ੍ਰੀਤ ਕੌਰ ਨੂੰ ਦਿੰਦਿਆਂ ਸਟੇਜ਼ 'ਤੇ ਬੁਲਾ ਕੇ ਜੇਤੂ ਮੈਡਲ ਨਾਲ ਸਨਮਾਨਿਤ ਕੀਤਾ। ਜਿਲ੍ਹਾ ਖੇਡ ਅਫਸਰ, ਡਿਪਟੀ ਕਮਿਸ਼ਨਰ ਅਤੇ ਜਿਲ੍ਹੇ ਦੀ ਸਪੋਰਟਸ ਅਕੈਡਮੀ ਸਮੇਤ ਖੇਡ ਪ੍ਰੇਮੀਆਂ ਨੂੰ ਇਸ ਬੇਟੀ ਦੇ ਇਸ ਸ਼ਾਨਦਾਰ ਪ੍ਰਦਰਸ਼ਨ 'ਤੇ ਹੌਸਲਾ ਅਫਜਾਈ ਕਰਨੀ ਚਾਹੀਦੀ ਹੈ, ਤਾਂ ਜ਼ੋ ਆਉਣ ਵਾਲੀਆਂ ਰਾਸ਼ਟਰ ਪੱਧਰ ਦੀਆਂ ਖੇਡਾਂ ਵਿੱਚ ਬੇਟੀ ਪਵਨਪ੍ਰੀਤ ਕੌਰ ਆਪਣਾ ਵਧੀਆ ਪ੍ਰਦਰਸ਼ਨ ਕਰ ਸਕੇ।